ਕੰਪਿ-6
2026 81363
23/6/2026

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਈ-ਬਲਾਕ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਸ.ਅ.ਸ. ਨਗਰ (ਮੋਹਾਲੀ)
ਫੋਨ ਨੰ:0172-5212322, ਈ-ਮੇਲ spccomputer@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ।
ਪੱਤਰ ਨੰ. SPC(Computer)/2026/1142898/168156
ਮਿਤੀ: 22-06-2026

ਵਿਸ਼ਾ: ਮਿਸ਼ਨ ਰਫ਼ਤਾਰ ਨੂੰ **State Flagship Programme** ਵਜੋਂ **Pilot Phase** ਵਿੱਚ ਲਾਗੂ ਕਰਨ ਸਬੰਧੀ ਦਿਸ਼ਾ-ਨਿਰਦੇਸ਼।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵਲੋਂ ਸਰਕਾਰੀ ਸਕੂਲਾਂ ਵਿੱਚ "ਮਿਸ਼ਨ ਰਫ਼ਤਾਰ" (Robotics and AI Framework for Teachers' Advancement and Academia Readiness) ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਮਿਸ਼ਨ ਨੂੰ ਸ਼ੁਰੂਆਤੀ ਪੜਾਅ (Pilot Phase) ਵਿੱਚ ਸਟੇਟ ਦੇ ਕੁੱਲ 425 ਚੁਣੇ ਹੋਏ ਸਕੂਲਾਂ (356 PM SHRI ਸਕੂਲ ਅਤੇ 69 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ) ਵਿੱਚ ਲਾਗੂ ਕੀਤਾ ਜਾ ਰਿਹਾ ਹੈ (ਲਿਸਟ ਨੱਥੀ)।

ਇਸ ਮਿਸ਼ਨ ਨੂੰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ guidelines ਹੇਠ ਲਿਖੇ ਅਨੁਸਾਰ ਹਨ:

1) ਮਿਸ਼ਨ ਰਫ਼ਤਾਰ ਦੀ ਭੂਮਿਕਾ ਅਤੇ ਲੋੜ

ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਪਿਛਲੇ ਕਈ ਸਾਲਾਂ ਦੌਰਾਨ ਸਰਕਾਰੀ ਸਕੂਲਾਂ ਵਿੱਚ Computer Laboratories, ICT Infrastructure, Digital Classrooms, Internet Connectivity ਅਤੇ Computer Faculty ਦੀ ਉਪਲੱਬਧਤਾ ਰਾਹੀਂ ਡਿਜੀਟਲ ਸਿੱਖਿਆ ਲਈ ਇੱਕ ਮਜ਼ਬੂਤ ਬੁਨਿਆਦੀ ਢਾਂਚਾ ਸਥਾਪਿਤ ਕੀਤਾ ਗਿਆ ਹੈ।

ਨਵੀਂ ਸਿੱਖਿਆ ਨੀਤੀ (NEP) 2020 ਵਿੱਚ ਦਰਸਾਏ ਗਏ futuristic ਸਿੱਖਿਆ ਦੇ ਦ੍ਰਿਸ਼ਟੀਕੋਣ ਅਤੇ ਆਰਟੀਫਿਸ਼ਲ ਇੰਟੈਲੀਜੈਂਸ (AI), ਇੰਟਰਨੈੱਟ ਆਫ ਥਿੰਗਜ਼ (IoT), ਰੋਬੋਟਿਕਸ, ਮਸ਼ੀਨ ਲਰਨਿੰਗ ਅਤੇ Industry 4.0 ਵਰਗੀਆਂ ਉੱਭਰਦੀਆਂ ਤਕਨਾਲੋਜੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ "ਮਿਸ਼ਨ ਰਫ਼ਤਾਰ" ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਮਿਸ਼ਨ ਦਾ ਉਦੇਸ਼ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਉਕਤ ਅਨੁਸਾਰ Innovation ਆਧਾਰਿਤ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਨਾਲ ਜੋੜਨਾ ਹੈ, ਤਾਂ ਜੋ ਵਿਦਿਆਰਥੀਆਂ ਵਿੱਚ 21ਵੀਂ ਸਦੀ ਦੇ ਹੁਨਰ ਵਿਕਸਿਤ ਕੀਤੇ ਜਾ ਸਕਣ ਅਤੇ ਉਨ੍ਹਾਂ ਨੂੰ ਭਵਿੱਖ ਦੀਆਂ ਤਕਨਾਲੋਜੀਆਂ, ਉਚੇਰੀ ਸਿੱਖਿਆ ਅਤੇ ਰੁਜ਼ਗਾਰ ਦੇ ਨਵੇਂ ਮੌਕਿਆਂ ਲਈ ਤਿਆਰ ਕੀਤਾ ਜਾ ਸਕੇ।

2) ਮਿਸ਼ਨ ਰਫ਼ਤਾਰ ਕੀ ਹੈ?

Mission RAFTAAR **(Robotics and AI Framework for Teachers' Advancement and Academia Readiness)** ਇੱਕ Umbrella Framework ਹੈ, ਜੋ PM SHRI ਅਤੇ Samagra Shiksha ਅਧੀਨ ਮਨਜ਼ੂਰਸ਼ੁਦਾ Digital Education, Capacity Building, Innovation, AI, Robotics ਅਤੇ Cyber Safety ਨਾਲ ਸਬੰਧਿਤ ਸਾਰੀਆਂ ਗਤੀਵਿਧੀਆਂ ਨੂੰ ਇੱਕ ਇਕਸਾਰ ਅਤੇ ਨਤੀਜਾ-ਕੇਂਦਰਿਤ ਢਾਂਚੇ ਅਧੀਨ ਲਾਗੂ ਕਰਨ ਲਈ Framework ਅਧੀਨ ਲਿਆਉਂਦਾ ਹੈ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.) ਪਟਿਆਲਾ
ਪਿੱਠ ਅੰਕਣ ਨੰ ਸ-6/2026/6078 ਮਿਤੀ 24/06/26
ਉਪਰੋਕਤ ਪੱਤਰ ਦੀ ਕਾਪੀ ਸਬੰਧਿਤ ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.)
ਪਟਿਆਲਾ
24/06/26

3) ਮਿਸ਼ਨ ਰਫ਼ਤਾਰ ਦਾ ਵਿਜ਼ਨ

- ਹਰ ਸਕੂਲ ਨੂੰ ਇੱਕ Digital Innovation Hub ਵਜੋਂ ਵਿਕਸਿਤ ਕਰਨਾ।
- ਹਰ ਅਧਿਆਪਕ ਨੂੰ ਇੱਕ Technology Mentor ਵਜੋਂ ਸਮਰੱਥ ਬਣਾਉਣਾ।
- ਹਰ ਵਿਦਿਆਰਥੀ ਨੂੰ ਕੇਵਲ ਤਕਨਾਲੋਜੀ ਦਾ ਉਪਭੋਗਤਾ ਨਹੀਂ, ਸਗੋਂ ਇੱਕ Creator, Innovator ਅਤੇ Problem Solver ਬਣਾਉਣਾ।

4) ਮਿਸ਼ਨ ਰਫ਼ਤਾਰ ਦੇ ਉਦੇਸ਼

ਮਿਸ਼ਨ ਰਫ਼ਤਾਰ ਦਾ ਪ੍ਰਮੁੱਖ ਉਦੇਸ਼ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਇੱਕ Sustainable Digital Innovation Ecosystem ਦੀ ਸਥਾਪਨਾ ਕਰਨਾ ਹੈ, ਜਿਸ ਰਾਹੀਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ futuristic technology ਅਤੇ 21ਵੀਂ ਸਦੀ ਦੇ skills ਨਾਲ ਜੋੜਿਆ ਜਾ ਸਕੇ।

ਮਿਸ਼ਨ ਰਫ਼ਤਾਰ ਦੇ ਮੁੱਖ ਉਦੇਸ਼ ਹੇਠ ਲਿਖੇ ਹਨ:-

1. Computer Faculties ਦੀ Advanced IT, Artificial Intelligence (AI) ਅਤੇ ਹੋਰ Emerging Technologies ਵਿੱਚ Capacity Building ਕਰਨਾ।
2. ਵਿਦਿਆਰਥੀਆਂ ਵਿੱਚ Computational Thinking, Creativity, Innovation ਅਤੇ Problem-Solving Skills ਨੂੰ ਵਿਕਸਿਤ ਕਰਨਾ।
3. ਸਕੂਲਾਂ ਵਿੱਚ AI, Internet of Things (IoT) ਅਤੇ Robotics ਆਧਾਰਿਤ Hands-on Learning ਨੂੰ ਉਤਸ਼ਾਹਿਤ ਕਰਨਾ।
4. Cyber Safety ਅਤੇ Responsible Digital Citizenship ਬਾਰੇ ਜਾਗਰੂਕਤਾ ਵਿੱਚ ਵਾਧਾ ਕਰਨਾ।
5. ਸਕੂਲ ਪੱਧਰ ਤੋਂ ਸਟੇਟ ਪੱਧਰ ਤੱਕ ਇਕ ਮਜ਼ਬੂਤ Innovation Ecosystem ਦੀ ਸਥਾਪਨਾ ਕਰਨਾ।
6. PM SHRI ਅਤੇ Samagra Shiksha ਅਧੀਨ ਮਨਜ਼ੂਰ Computer Education Initiatives ਨੂੰ ਇਕ Unified Framework ਅਧੀਨ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ।

5) **Pilot Phase:**

ਮਿਸ਼ਨ ਰਫ਼ਤਾਰ ਨੂੰ ਸ਼ੁਰੂਆਤੀ ਪੜਾਅ ਵਿੱਚ **Pilot Basis** ਤੇ ਸਟੇਟ ਦੇ ਕੁੱਲ **425** ਸਕੂਲਾਂ **(356 PM SHRI Schools** ਅਤੇ **69 Government Senior Secondary Schools)** ਵਿੱਚ ਲਾਗੂ ਕੀਤਾ ਜਾਵੇਗਾ। ਇਹ ਸਕੂਲ Mission RAFTAAR ਦੇ Demonstration and Innovation hub ਦੇ ਤੌਰ ਤੇ ਕੰਮ ਕਰਨਗੇ ਅਤੇ ਮਿਸ਼ਨ ਦੇ ਭਵਿੱਖੀ ਵਿਸਤਾਰ ਲਈ ਮਾਡਲ ਸਕੂਲਾਂ ਵਜੋਂ ਵਿਕਸਿਤ ਕੀਤੇ ਜਾਣਗੇ।

6) ਮਿਸ਼ਨ ਰਫ਼ਤਾਰ ਦੇ ਮੁੱਖ **Pillar:**

ਮਿਸ਼ਨ ਰਫ਼ਤਾਰ ਚੁਣੇ ਗਏ 425 ਸਰਕਾਰੀ ਸਕੂਲਾਂ ਵਿੱਚ ਹੇਠ ਲਿਖੇ ਚਾਰ ਮੁੱਖ pillars ਰਾਹੀਂ ਚਲਾਇਆ ਜਾਵੇਗਾ:

**RAFTAAR Teach Tech:** ਅਧਿਆਪਕਾਂ ਦੀ ਉੱਭਰ ਰਹੀਆਂ Emerging Technologies ਅਤੇ advanced IT skills ਵਿੱਚ capacity building ਕਰਨਾ।

**RAFTAAR AI & IOT:** ਆਰਟੀਫਿਸ਼ਲ ਇੰਟੈਲੀਜੈਂਸ (AI), ਰੋਬੋਟਿਕਸ, ਫਿਜ਼ੀਕਲ ਕੰਪਿਊਟਿੰਗ ਅਤੇ ਇੰਟਰਨੈੱਟ ਆਫ਼ ਥਿੰਗਜ਼ (IoT) ਰਾਹੀਂ ਵਿਦਿਆਰਥੀਆਂ ਵਿੱਚ ਪ੍ਰਯੋਗਾਤਮਕ ਸਿੱਖਿਆ ਨੂੰ ਉਤਸ਼ਾਹਿਤ ਕਰਨਾ।

**RAFTAAR Innovate:** ਅਧਿਆਪਕਾਂ ਦੀ ਅਗਵਾਈ ਹੇਠ Technology Fair (ਜ਼ਿਲ੍ਹਾ/ਸਟੇਟ ਪੱਧਰ) ਲਈ ਵਿਦਿਆਰਥੀਆਂ ਵਿੱਚ ਖੋਜ ਕਾਰਜ, ਇਨੋਵੇਸ਼ਨ ਪ੍ਰੋਜੈਕਟ, ਪ੍ਰੋਟੋਟਾਈਪ (ਮਾਡਲ)

ਵਿਕਸਿਤ ਕਰਨਾ ਅਤੇ ਚੁਣੇ ਗਏ 425 ਸਕੂਲਾਂ ਦੇ ਅਧਿਆਪਕਾਂ ਵਿਚੋਂ ਚੋਣ 60 ਅਧਿਆਪਕਾਂ ਲਈ ਸਟੇਟ ਪੱਧਰੀ ਐਜੂ-ਟੈੱਕ ਹੈਕਾਥੌਨ ਦਾ ਆਯੋਜਨ ਕਰਨਾ।

**RAFTAAR Secure:** ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਾਈਬਰ ਸੁਰੱਖਿਆ ਅਤੇ ਡਿਜੀਟਲ ਨੈਤਿਕਤਾ ਸੰਬੰਧੀ ਜਾਗਰੂਕ ਕਰਦੇ ਹੋਏ ਸਮਾਜ ਵਿੱਚ ਜ਼ਿੰਮੇਵਾਰ ਡਿਜੀਟਲ ਨਾਗਰਿਕਤਾ ਨੂੰ ਉਤਸ਼ਾਹਿਤ ਕਰਨਾ।

7) ਮਿਸ਼ਨ ਰਫ਼ਤਾਰ ਦੀ ਗਵਰਨੈਂਸ ਅਤੇ ਸੰਚਾਲਨ ਢਾਂਚਾ

Mission RAFTAAR ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਹੇਠ ਲਿਖੇ Governance Framework ਨੂੰ ਲਾਗੂ ਕੀਤਾ ਜਾਂਦਾ ਹੈ:

ਸਟੇਟ ਪੱਧਰ: ਮਿਸ਼ਨ ਦਾ ਸੰਚਾਲਨ, ਨੀਤੀਗਤ ਮਾਰਗਦਰਸ਼ਨ ਮਾਣਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਦੀ ਸਰਪ੍ਰਸਤੀ ਹੇਠ ਹੋਵੇਗਾ। ਸਟੇਟ ਪ੍ਰੋਜੈਕਟ ਕੋਆਰਡੀਨੇਟਰ (ਕੰਪਿਊਟਰ) ਬਤੌਰ ਸਟੇਟ ਨੋਡਲ ਅਫ਼ਸਰ ਮਿਸ਼ਨ ਦੀ ਯੋਜਨਾ, ਤਾਲਮੇਲ, ਨਿਗਰਾਨੀ ਅਤੇ ਸਮੀਖਿਆ ਲਈ ਜ਼ਿੰਮੇਵਾਰ ਹੋਵੇਗਾ। ਇਸ ਕਾਰਜ ਲਈ ਸਟੇਟ ਮਿਸ਼ਨ ਕੋਆਰਡੀਨੇਸ਼ਨ ਯੂਨਿਟ, ਤਕਨੀਕੀ ਰਿਸੋਰਸ ਸੰਸਥਾਵਾਂ (Technical Resource Institutions - TRIs) ਅਤੇ ਹੋਰ ਨਾਮਜ਼ਦ Knowledge Partners ਵੱਲੋਂ ਤਕਨੀਕੀ ਅਤੇ ਅਕਾਦਮਿਕ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ।

ਜ਼ਿਲ੍ਹਾ ਪੱਧਰ: ਜ਼ਿਲ੍ਹਾ ਪੱਧਰ ਤੇ ਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ, ਨਿਗਰਾਨੀ ਅਤੇ ਸਮੀਖਿਆ ਦੀ ਸਮੁੱਚੀ ਜ਼ਿੰਮੇਵਾਰੀ ਸੰਬੰਧਿਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਹੋਵੇਗੀ। ਮਿਸ਼ਨ ਅਧੀਨ ਗਤੀਵਿਧੀਆਂ ਦੇ ਤਾਲਮੇਲ, ਅਮਲ, ਪ੍ਰਗਤੀ ਰਿਪੋਰਟਾਂ ਦੀ consolidation ਅਤੇ ਸਟੇਟ ਪੱਧਰ ਨਾਲ correspondence ਲਈ ਇੱਕ ਯੋਗ ਕੰਪਿਊਟਰ ਫੈਕਲਟੀ ਨੂੰ ਜ਼ਿਲ੍ਹਾ ਨੋਡਲ ਅਫ਼ਸਰ ਵਜੋਂ ਨਾਮਜ਼ਦ ਕੀਤਾ ਜਾਵੇਗਾ ਅਤੇ ਨਾਮਜ਼ਦ ਡੀ.ਐਨ.ਓ. ਮਿਸ਼ਨ ਅਧੀਨ ਗਤੀਵਿਧੀਆਂ ਦੇ ਸੰਚਾਲਨ, ਚੁਣੇ ਗਏ ਸਕੂਲਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਅਤੇ ਨਿਰਧਾਰਿਤ ਫਾਰਮੈਟ ਅਨੁਸਾਰ ਰਿਪੋਰਟਿੰਗ ਕਰਨ ਲਈ ਜ਼ਿੰਮੇਵਾਰ ਹੋਵੇਗਾ।

ਸਕੂਲ ਪੱਧਰ: ਸਕੂਲ ਪੱਧਰ ਤੇ ਮਿਸ਼ਨ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸਕੂਲ ਮੁਖੀ, ਲੀਡਰਸ਼ਿਪ, ਪ੍ਰਸ਼ਾਸਕੀ ਸਹਿਯੋਗ ਅਤੇ ਨਿਗਰਾਨੀ ਕਰਨਗੇ। ਇਸ ਤੋਂ ਇਲਾਵਾ, ਇੱਕ ਨਾਮਜ਼ਦ ਕੰਪਿਊਟਰ ਫੈਕਲਟੀ ਨੂੰ ਸਕੂਲ ਨੋਡਲ ਅਫ਼ਸਰ ਵਜੋਂ ਨਿਯੁਕਤ ਕੀਤਾ ਜਾਵੇਗਾ, ਜੋ ਮਿਸ਼ਨ ਅਧੀਨ ਗਤੀਵਿਧੀਆਂ ਦੇ ਸੰਚਾਲਨ, ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ, ਅਤੇ ਨਿਰਧਾਰਿਤ ਫਾਰਮੈਟ ਅਨੁਸਾਰ ਡੀ.ਐਨ.ਓ. ਨੂੰ ਰਿਪੋਰਟਿੰਗ ਕਰਨ ਲਈ ਜ਼ਿੰਮੇਵਾਰ ਹੋਵੇਗਾ।

8) ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀਆਂ ਜ਼ਿੰਮੇਵਾਰੀਆਂ

ਸਮੂਹ DEOs ਇਹ ਯਕੀਨੀ ਬਣਾਉਣਗੇ ਕਿ -

1. ਇਸ ਪੱਤਰ ਦੇ ਜਾਰੀ ਹੋਣ ਤੋਂ 3 ਦਿਨਾਂ ਦੇ ਅੰਦਰ ਅੰਦਰ District Nodal Officer ਨਾਮਜ਼ਦ ਕਰਕੇ ਸਟੇਟ ਨੂੰ ਭੇਜਣਾ।
2. 425 Pilot Schools ਵਿੱਚ ਨਾਮਜ਼ਦ ਕੀਤੇ School Nodal Officers ਦੀ ਕੰਸੋਲੀਡੇਟਡ ਲਿਸਟ ਸਟੇਟ ਨੂੰ ਭੇਜਣਾ।
3. Mission RAFTAAR ਨੂੰ ਜ਼ਿਲ੍ਹਾ ਪੱਧਰ ਤੇ ਤਰਜੀਹ ਦੇ ਆਧਾਰ ਤੇ ਲਾਗੂ ਕਰਨਾ।
4. Pilot Schools ਵਿੱਚ ਤਾਇਨਾਤ Computer Faculty ਨੂੰ ਜਿੱਥੇ ਤੱਕ ਸੰਭਵ ਹੋਵੇ ਸਕੂਲ ਤੋਂ ਬਾਹਰ ਦੀਆਂ ਗੈਰ-ਵਿਦਿਅਕ ਡਿਊਟੀਆਂ ਤੋਂ ਮੁਕਤ ਰੱਖਣਾ ਅਤੇ ਨਾ ਟਾਲਣ ਯੋਗ ਕਾਰਨਾਂ ਕਰਕੇ ਉਚਿਤ ਬਦਲਵਾਂ ਪ੍ਰਬੰਧ ਕਰਨਾ ਯਕੀਨੀ ਬਣਾਉਣਾ।
5. Mission RAFTAAR ਅਧੀਨ 425 ਸਕੂਲਾਂ ਵਿੱਚ ਕਰਵਾਈਆਂ ਜਾਣ ਵਾਲੀਆਂ ਟ੍ਰੇਨਿੰਗਾਂ/ਗਤੀਵਿਧੀਆਂ ਵਿੱਚ ਵਿਦਿਆਰਥੀਆਂ ਅਤੇ ਕੰਪਿਊਟਰ ਅਧਿਆਪਕਾਂ ਦੀ ਭਾਗੀਦਾਰੀ ਯਕੀਨੀ ਬਣਾਉਣਾ।
6. ਹਰੇਕ ਮਹੀਨੇ Mission ਦੀ Progress ਨੂੰ Review ਕਰਨਾ।
7. ਸਮੇਂ ਸਮੇਂ ਤੇ ਨਿਰਧਾਰਿਤ ਫਾਰਮੈਟ ਅਨੁਸਾਰ ਜ਼ਿਲ੍ਹਾ ਪੱਧਰ ਦੀ Consolidated Progress Report ਸਟੇਟ ਨੂੰ ਭੇਜਣ ਲਈ ਜ਼ਿਲ੍ਹਾ ਨੋਡਲ ਅਫ਼ਸਰ ਨੂੰ ਹਦਾਇਤ ਕਰਨਾ।

9) ਸਕੂਲ ਮੁਖੀ ਦੀਆਂ ਜ਼ਿੰਮੇਵਾਰੀਆਂ

ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ:-

1. ਸਕੂਲ ਵਿਚ Mission RAFTAAR ਨੂੰ ਤਰਜੀਹ ਦੇ ਅਧਾਰ 'ਤੇ ਲਾਗੂ ਕਰਨਾ।
2. ਪੱਤਰ ਜਾਰੀ ਹੋਣ ਤੋਂ 3 ਦਿਨਾਂ ਦੇ ਅੰਦਰ School Nodal Officer (ਕੰਪਿਊਟਰ ਅਧਿਆਪਕ) ਨਾਮਜ਼ਦ ਕਰਕੇ ਰਿਪੋਰਟ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਭੇਜਣਾ ।
3. ਸਕੂਲ ਵਿੱਚ "**Digital Innovation & Cyber Safety Club**" ਦਾ ਗਠਨ ਕਰਨਾ।
4. AI Kit ਲਈ ਫੰਡ ਜਾਰੀ ਹੋਣ ਉਪਰੰਤ ਪਾਲਿਸੀ ਦੇ ਅਧਾਰ kit procure ਕਰਕੇ ਸਕੂਲ ਪੱਧਰ ਤੇ deployment ਕਰਨਾ ।
5. ICT Labs, Smart Classrooms, AI Kit ਅਤੇ Digital Infrastructure ਦੀ ਵੱਧ ਤੋਂ ਵੱਧ ਵਰਤੋਂ ਯਕੀਨੀ ਬਣਾਉਣਾ।
6. Computer Faculties ਅਤੇ ਭਾਗੀਦਾਰ ਵਿਦਿਆਰਥੀਆਂ ਨੂੰ ਮਿਸ਼ਨ ਲਈ ਪੂਰਾ ਪ੍ਰਸ਼ਾਸਨਿਕ ਸਹਿਯੋਗ ਦੇਣਾ।
7. Mission RAFTAAR ਦੇ ਪ੍ਰਭਾਵਸ਼ਾਲੀ ਲਾਗੂਕਰਨ ਸਬੰਧੀ Computer Faculty ਦੀ ਕਾਰਗੁਜ਼ਾਰੀ ਦੀ ਨਿਯਮਿਤ ਸਮੀਖਿਆ ਕੀਤੀ ਜਾਵੇਗੀ।

**10) Computer Faculty** ਦੀਆਂ ਜ਼ਿੰਮੇਵਾਰੀਆਂ

Pilot Schools ਵਿਚ ਤਾਇਨਾਤ Computer Faculty Mission, RAFTAAR ਦੇ ਪ੍ਰਭਾਵਸ਼ਾਲੀ ਲਾਗੂ ਕਰਨ, ਨਿਗਰਾਨੀ ਅਤੇ ਸਕੂਲ ਪੱਧਰੀ ਤਾਲਮੇਲ ਲਈ ਮੁੱਖ ਕੜੀ ਵਜੋਂ ਹੇਠ ਲਿਖੇ ਕੰਮ ਕਰਨਗੇ।

1. Computer Faculty Mission Activities ਦੀ Planning, Execution, Documentation ਅਤੇ Reporting ਲਈ ਪੂਰਨ ਤੌਰ ਤੇ ਜ਼ਿੰਮੇਵਾਰ ਹੋਣਗੇ।
2. AI, Robotics, IoT, Innovation Projects, Cyber Safety Activities, Technology Fairs ਆਦਿ ਗਤੀਵਿਧੀਆਂ ਦੀ ਅਗਵਾਈ ਕਰਨ ਲਈ ਪਾਬੰਦ ਹੋਣਗੇ।
3. Mission Implementation ਨੂੰ ਪ੍ਰਭਾਵਿਤ ਕਰਨ ਵਾਲੀਆਂ ਬਾਹਰੀ ਡਿਊਟੀਆਂ ਨੂੰ ਸੰਭਵ ਹੋਣ ਤੱਕ Avoid ਕਰਨ ਲਈ ਸਕੂਲ ਮੁਖੀ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨਾਲ ਰਾਬਤਾ ਰੱਖਣਗੇ।
4. Mission RAFTAAR ਅਧੀਨ ਕਰਵਾਈਆਂ ਜਾਣ ਵਾਲੀਆਂ Trainings ਅਤੇ ਗਤੀਵਿਧੀਆਂ ਵਿੱਚ ਨਾਮਜ਼ਦ ਕੰਪਿਊਟਰ ਅਧਿਆਪਕ ਪੂਰਨ ਭਾਗੀਦਾਰੀ ਕਰਨੀ ਯਕੀਨੀ ਬਣਾਉਣਗੇ।
5. Mission RAFTAAR ਅਧੀਨ ਨਿਰਧਾਰਿਤ timeline ਅਨੁਸਾਰ ਸਾਰੀਆਂ ਗਤੀਵਿਧੀਆਂ ਮੁਕੰਮਲ ਕਰਨਾ ਯਕੀਨੀ ਬਣਾਉਣਗੇ।

**11) Monitoring, Documentation and Reporting**

Mission ਦੀ ਪ੍ਰਗਤੀ ਹੇਠ ਲਿਖੇ Indicators ਦੇ ਆਧਾਰ 'ਤੇ ਮਾਪੀ ਜਾਵੇਗੀ:-

- Teachers Trained
- Students Engaged
- Innovation Projects Developed
- Digital Innovation & Cyber safety Clubs Functional
- AI & IoT Activities Conducted
- Technology Fair Participation
- Timely Reporting
- Quality of Implementation

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਨੋਡਲ ਅਫ਼ਸਰ ਅਤੇ ਚੁਣੇ ਗਏ ਸਕੂਲਾਂ ਦੇ ਸਕੂਲ ਮੁਖੀਆਂ, ਸਕੂਲ ਨੋਡਲ ਅਫ਼ਸਰਾਂ ਅਤੇ Computer Faculties ਨੂੰ ਹਦਾਇਤ ਕੀਤੀ ਜਾਵੇ

ਕਿ ਉਹ ਉਕਤ ਮਿਸ਼ਨ ਅਧੀਨ ਨਿਰਧਾਰਿਤ ਗਤੀਵਿਧੀਆਂ ਨੂੰ ਪੂਰਨ ਤਰਜੀਹ ਦਿੰਦੇ ਹੋਏ ਆਪਸੀ ਤਾਲਮੇਲ ਨਾਲ ਇਸਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ।

3.0 ਮਿਸ਼ਨ ਰਫ਼ਤਾਰ ਦੀ Orientation-cum-Launch Session ਮਿਤੀ 25-06-2026 ਨੂੰ ਦੁਪਹਿਰ 12:00 ਵਜੇ ਵਰਚੁਅਲ ਮਾਧਿਅਮ ਰਾਹੀਂ ਆਯੋਜਿਤ ਕੀਤਾ ਜਾਵੇਗਾ। ਜਿਸ ਦੀ ਪ੍ਰਧਾਨਗੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਵਲੋਂ ਕੀਤੀ ਜਾਵੇਗੀ। ਇਸ ਸੈਸ਼ਨ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ.), ਜ਼ਿਲ੍ਹਾ ਨੋਡਲ ਅਫ਼ਸਰ ਅਤੇ 425 ਸਕੂਲਾਂ ਦੇ ਸਕੂਲ ਮੁਖੀ ਭਾਗ ਲੈਣਗੇ। ਸੈਸ਼ਨ ਦਾ ਲਿੰਕ ਵੱਖਰੇ ਤੌਰ 'ਤੇ ਸਾਂਝਾ ਕੀਤਾ ਜਾਵੇਗਾ ।

4.0 ਮਿਸ਼ਨ RAFTAAR ਸਬੰਧੀ ਜਾਰੀ ਕੀਤੀਆਂ guidelines ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਅਰਵਿੰਦ ਕੁਮਾਰ ਐਮ.ਕੇ., ਆਈ.ਏ.ਐੱਸ,
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,
ਪੰਜਾਬ।

ਪਿੱਠ ਅੰਕਣ ਨੰ.: ਉਕਤ ਮਿਤੀ: ਉਕਤ

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ.ਟੂ ਡੀ.ਜੀ.ਐੱਸ.ਈ., ਪੰਜਾਬ।
2. ਪੀ.ਏ. ਟੂ ਡਾਇਰੈਕਟਰ ਐਸ. ਸੀ.ਈ.ਆਰ.ਟੀ., ਪੰਜਾਬ।
3. ਸੰਬੰਧਿਤ ਸਕੂਲ ਮੁਖੀ, ਪੰਜਾਬ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ।